# हो रही जय जयकार जोगी दी

ਹੋ ਰਹੀ, ਜੈ ਜੈਕਾਰ ਜੋਗੀ / ਬਾਬੇ ਦੀ,
ਹੋ ਰਹੀ ਜੈ ਜੈਕਾਰ ॥
ਬਾਬਾ ਪੌਣਾਹਾਰੀ,,, ਜੈ ਹੋ ।
ਬਾਬਾ ਦੁੱਧਾਧਾਰੀ,,, ਜੈ ਹੋ ।
ਬਾਬਾ ਜਟਾਧਾਰੀ,,, ਜੈ ਹੋ ।
ਹੋ ਰਹੀ ਜੈ ਜੈਕਾਰ,,,,,,,,,,,,,,,,,,,

ਬਾਬੇ ਮੇਰੇ ਦੀ, ਮੋਰ ਸਵਾਰੀ, "ਲੱਗਦੀ ਬੜੀ ਪਿਆਰੀ" ॥
ਚਿਮਟੇ ਵਾਲੇ, ਬਾਬਾ ਜੀ ਨੇ, "ਕੁੱਲ ਦੁਨੀਆਂ ਹੈ ਤਾਰੀ" ॥
ਬੇੜਾ ਪਾਰ ਕਰੋ ਜੀ,,, ਜੈ ਹੋ ।
ਸਭ ਨੂੰ ਤਾਰ ਦਿਓ ਜੀ,,, ਜੈ ਹੋ ।
ਸਭ ਨੂੰ ਪਿਆਰ ਦਿਓ ਜੀ,,, ਜੈ ਹੋ ।
ਹੋ ਰਹੀ ਜੈ ਜੈਕਾਰ,,,,,,,,,,,,,,,,,,,

ਚੇਤ ਮਹੀਨੇ, ਝੰਡੇ ਲੈ ਕੇ, "ਸੰਗਤਾਂ ਦਰ ਤੇ ਆਵਣ" ।
ਢੋਲਾਂ ਦੇ ਨਾਲ, ਭੰਗੜੇ ਪਾਵਣ, "ਭੇਟਾਂ ਤੇਰੀ ਚੜ੍ਹਾਵਨ" ॥
ਸਭ ਦਾ ਪਿਆਰਾ ਜੋਗੀ,,, ਜੈ ਹੋ ।
ਸਭ ਤੋਂ ਨਿਆਰਾ ਜੋਗੀ,,, ਜੈ ਹੋ ।
ਸੱਚਾ ਦਵਾਰਾ ਜੋਗੀ,,, ਜੈ ਹੋ ।
ਹੋ ਰਹੀ ਜੈ ਜੈਕਾਰ,,,,,,,,,,,,,,,,,,,

ਦਰ ਏਹਦੇ ਤੇ, ਜੋ ਵੀ ਆਵੇ, ਖ਼ਾਲੀ ਕਦੇ ਨਾ ਜਾਵੇ" ।
ਮਾਵਾਂ ਨੂੰ ਏਹ, ਬੱਚੜੇ ਦੇਵੇ, "ਭੈਣਾਂ ਨੂੰ ਵੀਰ ਮਿਲਾਵੇ" ॥
ਕੈਲਾਸ਼ ਦਰ ਤੇ ਆਇਆ,,, ਜੈ ਹੋ ।
ਦਰ ਤੇ ਪੱਲੜਾ ਵਿਛਾਇਆ,,, ਜੈ ਹੋ ।
ਮੈਂ ਤਾਂ ਸਭ ਕੁਝ ਪਾਇਆ,,, ਜੈ ਹੋ ।
ਹੋ ਰਹੀ ਜੈ ਜੈਕਾਰ,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27360/title/ho-rahi-jai-jaikaar-jogi-di

अपने Android मोबाइल पर BhajanGanga App डाउनलोड करें और भजनों का आनंद ले |